ਵਿਸ਼ਾ:- ਪੰਜਾਬ ਸਰਕਾਰ, ਵਿੱਤ ਵਿਭਾਗ ਵਲੋਂ ਜਾਰੀ ਨੋਟੀਫਿਕੇਸ਼ਨ ਨੰ: G.S.R. 34/Const./Arts. 309 and 187/Amd.(11)/2025, ਮਿਤੀ 23.05.2025 ਦੇ ਅਧੀਨ ਪੁਰਾਣੀ ਪੈਨਸ਼ਨ ਸਕੀਮ (OPS) ਦੀ ਚੋਣ ਕਰਨ ਲਈ ਅਰਜੀਆਂ ਦੇਣ ਸਬੰਧੀ।

***************

ਮੁੱਖ ਦਫਤਰ (ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ ਦੇ ਸਮੂਹ ਮਨਿਸਟੀਰੀਅਲ ਸਟਾਫ ਨੂੰ ਇਹ ਜਾਣੂ ਕਰਵਾਇਆ ਜਾਂਦਾ ਹੈ ਕਿ ਪੰਜਾਬ ਸਰਕਾਰ, ਵਿੱਤ ਵਿਭਾਗ ਵਲੋਂ ਨੋਟੀਫਿਕੇਸ਼ਨ ਨੰ: G.S.R. 34/Const./Arts. 309 and 187/Amd.(11)/2025, ਮਿਤੀ 23.05.2025 (ਕਾਪੀ ਨੱਥੀ) ਰਾਹੀਂ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ, ਭਾਗ/ਵੋਲਿਊਮ-2 ਦੇ ਨਿਯਮ 3.17 ਵਿੱਚ ਸੋਧ ਕੀਤੀ ਗਈ ਹੈ। ਪੰਜਾਬ ਸਰਕਾਰ, ਵਿੱਤ ਵਿਭਾਗ ਵਲੋਂ ਜਾਰੀ ਨੋਟੀਫਿਕੇਸ਼ਨ ਦੀ ਕਾਪੀ ਇਸ ਪੱਤਰ ਨਾਲ ਨੱਥੀ ਕਰਦੇ ਹੋਏ ਮੁੱਖ ਦਫਤਰ ਦੇ ਸਮੂਹ ਮਨਿਸਟੀਰੀਅਲ ਸਟਾਫ ਨੂੰ ਲਿੱਖਿਆ ਜਾਂਦਾ ਹੈ ਕਿ ਅਜਿਹੇ ਯੋਗ ਅਧਿਕਾਰੀ/ਕਰਮਚਾਰੀ ਜੋ ਪੁਰਾਣੀ ਪੈਨਸ਼ਨ ਸਕੀਮ (OPS) ਅਧੀਨ ਆਉਣਾ ਚਾਹੁੰਦੇ ਹਨ, ਉਹ ਆਪਣੀ ਲਿਖਤੀ ਅਰਜੀ ਗਜਟ ਨੋਟੀਫਿਕੇਸ਼ਨ ਜਾਰੀ ਹੋਣ ਦੀ ਮਿਤੀ 23.05.2025 ਤੋਂ ਤਿੰਨ ਮਹੀਨੇ ਦੇ ਅੰਦਰ-ਅੰਦਰ ਇਸ ਸਾਖਾ ਵਿਖੇ ਜਮ੍ਹਾਂ ਕਰਵਾਉਣ। ਯੋਗ ਅਧਿਕਾਰੀ/ਕਰਮਚਾਰੀ ਆਪਣੀ ਅਰਜੀ ਦੇ ਨਾਲ ਨਿਯੁਕਤੀ ਪੱਤਰ ਦੀ ਕਾਪੀ, ਭਰਤੀ ਦਾ ਵਿਗਿਆਪਨ ਜਾਂ ਵਿਗਿਆਪਨ ਨੰਬਰ ਅਤੇ ਤਾਰੀਖ ਅਤੇ ਜੇਕਰ ਕਪੈਸ਼ਨੈਟ ਅਧੀਨ ਨਿਯੁਕਤੀ ਹੋਈ ਹੈ ਤਾਂ ਦਾਖਲ ਕੀਤੀ ਅਰਜੀ ਦੀ ਕਾਪੀ ਅਤੇ ਯੋਗਤਾ ਦੀ ਪੁਸ਼ਟੀ ਕਰਨ ਵਾਲੇ ਜਰੂਰੀ ਦਸਤਾਵੇਜ਼ ਆਪਣੀ ਅਰਜੀ ਦੇ ਨਾਲ ਨੱਥੀ ਕਰਕੇ ਜਮ੍ਹਾਂ ਕਰਵਾਉਣ।

3.0 ਜੇਕਰ ਕੋਈ ਯੋਗ ਅਧਿਕਾਰੀ/ਕਰਮਚਾਰੀ 03 ਮਹੀਨੇ ਤੱਕ ਦੀ ਮਿਆਦ ਦੇ ਅੰਦਰ ਪੁਰਾਣੀ ਪੈਨਸ਼ਨ ਸਕੀਮ (Old Pension Scheme) ਜਾਂ ਨਿਊ ਕੰਟਰੀਬਿਊਸ਼ਨ ਪੈਨਸ਼ਨ ਸਕੀਮ (New Defined Contributory Pension Scheme) ਵਿਚੋਂ ਇੱਕ ਦੀ ਚੋਣ ਨਹੀਂ ਕਰਦਾ ਤਾਂ ਉਸਨੂੰ ਨਿਊ ਕੰਟਰੀਬਿਊਸ਼ਨ ਪੈਨਸ਼ਨ ਸਕੀਮ (NPS) ਅਧੀਨ ਹੀ ਮੰਨਿਆ ਜਾਵੇਗਾ।

ਸੁਪਰਡੰਟ ਸੇਵਾਵਾਂ-1

1. ਸਮੂਹ ਅਧਿਕਾਰੀ/ਕਰਮਚਾਰੀ (ਮੁੱਖ ਦਫਤਰ)
2. ਐਮ.ਆਈ.ਐਸ. ਵਿੰਗ ਨੂੰ ਭੇਜਕੇ ਲਿੱਖਿਆ ਜਾਂਦਾ ਹੈ ਕਿ ਉਕਤ ਸਰਕੂਲਰ ਨੂੰ ਵਿਭਾਗ ਦੀ ਵੈੱਬਸਾਇਟ ਤੇ ਵੀ ਅਪਲੋਡ ਕੀਤਾ ਜਾਵੇ।

ਨੰਬਰ: 14/01-2022ਸੇ1(4)/ 2025/74122-123

ਮਿਤੀ: 23/06/2025